ਕਮਿਉਨਿਟੀ ਫ਼ਰਸਟ ਚੁਆਇਸ

ਕਮਿਉਨਿਟੀ ਫ਼ਰਸਟ ਚੁਆਇਸ ਸੇਵਾ ਦੇ ਵਿਕਲਪ

ਜੇ ਤੁਸੀਂ ਯੋਗ ਹੋ, ਤਾਂ ਇਹ ਹੱਕਦਾਰੀ ਸਬੰਧੀ ਸੇਵਾਵਾਂ ਹਨ।
(ਹੋਰ ਜਾਣਕਾਰੀ ਲਈ ਬੈਕ ਪੈਨਲ ਵੇਖੋ)

CFC ਸੇਵਾਵਾਂ ਬਾਰੇ

ਯੋਗ ਕਲਾਇੰਟਾਂ ਨੂੰ ਇੱਥੇ ਦਿੱਤੀਆਂ ਗਈਆਂ ਸੇਵਾਵਾਂ ਕਮਿਉਨਿਟੀ ਫ਼ਰਸਟ ਚੁਆਇਸ (CFC) ਪ੍ਰੋਗਰਾਮ ਰਾਹੀਂ ਦਿੱਤੀਆਂ ਜਾਂਦੀਆਂ ਹਨ।

ਨਿਜੀ ਦੇਖਭਾਲ

ਨਿਜੀ ਦੇਖਭਾਲ ਸੇਵਾਵਾਂ ਨਹਾਉਣ-ਧੁਆਉਣ, ਕਪੜੇ ਪੁਆਉਣ ਜਾਂ ਤੁਹਾਡੀਆਂ ਦਵਾਈਆਂ ਦਾ ਪ੍ਰਬੰਧ ਕਰਨ ਵਰਗੇ ਹਰ ਰੋਜ਼ ਦੇ ਕੰਮਾਂ ਵਿਚ ਸਹਾਇਤਾ ਉਪਲਬਧ ਕਰਦੀਆਂ ਹਨ। ਜੇ ਤੁਸੀਂ ਯੋਗ ਹੋ, ਤਾਂ ਤੁਸੀਂ ਯੋਗਤਾਪ੍ਰਾਪਤ ਪ੍ਰੋਵਾਈਡਰ ਚੁਣੋ। ਸਾਰੇ ਯੋਗਤਾਪ੍ਰਾਪਤ ਕੇਅਰਗਿਵਰਾਂ ਲਈ ਪਿਛੋਕੜ ਦੀਆਂ ਜਾਂਚਾਂ ਅਤੇ ਕੇਅਰਗਿਵਰ ਦੀ ਬੁਨਿਆਦੀ ਸਿਖਲਾਈ ਲਈ ਵੀ DSHS ਭੁਗਤਾਨ ਕਰਦੀ ਹੈ।

ਤੁਹਾਨੂੰ ਨਿਜੀ ਦੇਖਭਾਲ ਸੇਵਾਵਾਂ ਇੱਥੇ ਮਿਲ ਸਕਦੀਆਂ ਹਨ:

- ✓ ਤੁਹਾਡਾ ਘਰ
- ✓ ਬਾਲਗ਼ ਫ਼ੈਮਿਲੀ ਹੋਮ
- ✓ ਸਹਾਇਤਾ ਵਾਲੀ ਰਹਿਣ-ਸਹਿਣ ਸਬੰਧੀ ਸਹੂਲਤ

ਕੇਅਰਗਿਵਰ ਪ੍ਰਬੰਧ ਸਬੰਧੀ ਸਿਖਲਾਈ

ਤੁਹਾਡਾ ਪ੍ਰੋਵਾਈਡਰ ਤੁਹਾਡੀ ਸਹਾਇਤਾ ਟੀਮ ਦਾ ਇੱਕ ਅਹਿਮ ਹਿੱਸਾ ਹੈ। ਤੁਸੀਂ ਆਪਣੇ ਕੇਅਰਗਿਵਰ ਦੇ ਰੋਜ਼ ਦੇ ਕੰਮ ਦਾ ਪ੍ਰਬੰਧ ਕਰੋਗੇ। ਸਿਖਲਾਈ ਦੇ ਸਾਧਨ ਉਪਲਬਧ ਹਨ, ਜਿਸ ਵਿਚ ਦੱਸਿਆ ਗਿਆ ਹੈ ਕਿ ਕੇਅਰਗਿਵਰਾਂ ਨੂੰ ਕਿਵੇਂ ਚੁਣੋ, ਕਿਵੇਂ ਪ੍ਰਬੰਧ ਕਰੋ ਅਤੇ ਕਿਵੇਂ ਹਟਾਓ।

ਤੁਹਾਡਾ ਕੇਸ ਮੈਨੇਜਰ ਇੱਕ ਪੁਸਤਿਕਾ, DVD ਬਾਰੇ ਵੀਡੀਓ ਸਿਖਲਾਈ ਜਾਂ DSHS ਵੈਬਸਾਈਟ ਬਾਰੇ ਵੀਡੀਓ ਸਿਖਲਾਈ ਲਈ ਇੱਕ ਲਿੰਕ ਉਪਲਬਧ ਕਰ ਸਕਦਾ ਹੈ।

ਰਾਹਤ ਦੇਖਭਾਲ

ਰਾਹਤ ਦੇਣ ਵਾਲੇ ਕੇਅਰਗਿਵਰ ਨੂੰ, ਤੁਹਾਡੇ ਰੈਗੁਲਰ ਕੇਅਰਗਿਵਰ ਨੂੰ ਥੋੜ੍ਹੇ ਸਮੇਂ ਲਈ ਛੁੱਟੀ ਦੇਣ ਲਈ ਕੰਮ 'ਤੇ ਰੱਖਿਆ ਜਾ ਸਕਦਾ ਹੈ ਜਾਂ ਜੇ ਤੁਹਾਡਾ ਰੈਗੁਲਰ ਕੇਅਰਗਿਵਰ ਬਿਮਾਰ ਹੈ ਜਾਂ ਉਪਲਬਧ ਨਹੀਂ ਹੈ, ਤਾਂ ਰਾਹਤ ਦੇਣ ਵਾਲਾ ਕੇਅਰਗਿਵਰ ਆ ਸਕਦਾ ਹੈ। ਤੁਸੀਂ ਨਿਰਣਾ ਕਰਨਾ ਹੈ ਕਿ ਆਪਣੇ ਅਖ਼ਤਿਆਰਪ੍ਰਾਪਤ ਨਿਜੀ ਸੰਭਾਲ ਦੇ ਘੰਟਿਆਂ ਵਿਚੋਂ ਕੰਮ ਲਈ ਤੁਸੀਂ ਆਪਣੇ ਰਿਲੀਫ਼ ਕੇਅਰ ਪ੍ਰੋਵਾਈਡਰ ਨੂੰ ਕਿੰਨਾ ਸਮਾਂ ਦੇਣਾ ਚਾਹੁੰਦੇ ਹੋ।

ਮੁਹਾਰਤਾਂ ਸਿੱਖਣ ਸਬੰਧੀ ਸਿਖਲਾਈ

ਆਪਣੀ ਰੋਜ਼ ਦੀ ਨਿਜੀ ਦੇਖਭਾਲ ਦੇ ਕੰਮਾਂ ਵਿਚ ਹੋਰ ਖ਼ੁਦਮੁਖ਼ਤਾਰ ਹੋਣ ਲਈ ਤੁਹਾਡੇ ਵਾਸਤੇ ਸਿਖਲਾਈ ਉਪਲਬਧ ਹੈ। ਤੁਸੀਂ ਆਪਣੀ ਨਿਜੀ ਦੇਖਭਾਲ ਦੇ ਕੁਝ ਘੰਟਿਆਂ ਨੂੰ ਪ੍ਰੋਵਾਈਡਰ ਤੋਂ ਖਾਣਾ ਪਕਾਉਣ ਜਾਂ ਕਰਿਆਣੇ ਦਾ ਸਮਾਨ ਖ਼ਰੀਦਣ ਵਰਗੇ ਰੋਜ਼ ਦੇ ਰਹਿਣ-ਸਹਿਣ ਦੇ ਕੁਝ ਕੰਮ ਕਿਵੇਂ ਕਰੋ, ਨੂੰ ਸਿੱਖਣ ਲਈ ਇਸਤੇਮਾਲ ਕਰ ਸਕਦੇ ਹੋ। ਤੁਸੀਂ ਇਸਦਾ ਭੁਗਤਾਨ ਕਰਨ ਲਈ ਆਪਣੇ ਸਲਾਨਾ ਹਿੱਸੇ ਦੀ ਵਰਤੋਂ ਕਰ ਸਕਦੇ ਹੋ।

ਸਹਾਇਕ ਤਕਨਾਲੋਜੀ

ਸਹਾਇਕ ਤਕਨਾਲੋਜੀ ਸਬੰਧੀ ਉਪਕਰਣ ਕਿਸੇ ਹੋਰ ਵਿਅਕਤੀ ਦੀ ਮਦਦ ਤੋਂ ਬਿਨਾ ਕੰਮ ਪੂਰੇ ਕਰਨ ਜਾਂ ਰੋਜ਼ ਦੇ ਕੰਮ ਕਰਨ ਲਈ ਹੋਰ ਖ਼ੁਦਮੁਖ਼ਤਾਰ ਬਣਨ ਵਿਚ ਤੁਹਾਡੀ ਮਦਦ ਕਰ ਸਕਦੇ ਹਨ।

ਸਹਾਇਕ ਤਕਨਾਲੋਜੀ ਲੈਣ ਲਈ, ਤੁਹਾਨੂੰ ਆਪਣੇ ਫਿਜ਼ੀਸ਼ੀਅਨ ਨਾਲ ਸੰਪਰਕ ਕਰਨਾ ਅਤੇ ਸਪੀਚ, ਆੱਕਿਊਪੇਸ਼ਨਲ ਜਾਂ ਫਿਜ਼ੀਕਲ ਥੈਰੇਪਿਸਟ ਰਾਹੀਂ ਮੁਲਾਂਕਣ ਲਈ ਰੈਫ਼ਰਲ ਵਾਸਤੇ ਕਹਿਣਾ ਚਾਹੀਦਾ ਹੈ। ਥੈਰੇਪਿਸਟ ਢੁਕਵੀਂ ਤਕਨਾਲੋਜੀ ਦੀ ਸਿਫ਼ਾਰਸ਼ ਕਰੇਗਾ ਅਤੇ ਇਸਦੇ ਮਿਲਦਿਆਂ ਹੀ ਇਸਦੀ ਵਰਤੋਂ ਕਿਵੇਂ ਕਰੋ, ਨੂੰ ਸਿੱਖਣ ਵਿਚ ਤੁਹਾਡੀ ਮਦਦ ਕਰੇਗਾ। ਤੁਹਾਡੇ ਸਲਾਨਾ ਹਿੱਸੇ ਦੀ ਵਰਤੋਂ ਕਰਦਿਆਂ ਸਹਾਇਕ ਤਕਨਾਲੋਜੀ ਖ਼ਰੀਦੀ ਜਾਂਦੀ ਹੈ।

ਨਿਜੀ ਐਮਰਜੈਂਸੀ ਜਵਾਬੀ ਪ੍ਰਬੰਧ (PERS)

PERS ਬਿਜਲੀ ਦਾ ਇੱਕ ਉਪਕਰਣ ਹੈ, ਜਿਸ ਨੂੰ ਤੁਸੀਂ ਪਾਉਂਦੇ ਹੋ ਅਤੇ ਇਹ ਤੁਹਾਡੇ ਫੋਨ ਨਾਲ ਜੁੜਿਆ ਹੁੰਦਾ ਹੈ, ਇਸ ਨਾਲ ਤੁਹਾਨੂੰ ਐਮਰਜੈਂਸੀ ਵਿਚ ਮਦਦ ਮਿਲਦੀ ਹੈ। ਚਾਲੂ ਕੀਤੇ ਜਾਣ 'ਤੇ ਜਵਾਬੀ ਸੈਂਟਰ ਵਿਚਲਾ ਸਟਾਫ਼ ਮਦਦ ਲਈ ਕੀਤੀ ਗਈ ਕਾੱਲ ਵੇਲੇ ਤੁਹਾਡੇ ਵਲੋਂ ਉਪਲਬਧ ਕਰਾਈ ਗਈ ਥਾਂ ਦੀ ਪਾਲਣਾ ਕਰੇਗਾ।

ਇਸ ਤੋਂ ਅਲਾਵਾ, ਜੇ ਤੁਸੀਂ ਡਿਗਣ ਦਾ ਪਤਾ ਚੱਲਣ ਨਾਲ ਲੈਸ ਆਪਣਾ PERS, GPS ਲੋਕੇਟਰ ਜਾਂ ਦਵਾਈਆਂ ਦਾ ਪ੍ਰਬੰਧ ਕਰਨ ਵਾਲਾ ਸਿਸਟਮ ਲੈਣ ਦੇ ਯੋਗ ਹੋ, ਤਾਂ ਹੋਰ ਵਾਧੂ ਸੇਵਾਵਾਂ ਉਪਲਬਧ ਹਨ।

ਹਰ ਕੋਈ PERS ਲੈਣ ਦੇ ਯੋਗ ਨਹੀਂ ਹੈ। ਜੇ ਤੁਸੀਂ ਇਹਨਾਂ ਸਿਸਟਮਾਂ ਦੇ ਯੋਗ ਹੋ, ਤਾਂ ਤੁਹਾਡਾ ਕੇਸ ਮੈਨੇਜਰ ਪਤਾ ਲਾਉਣ ਵਿਚ ਮਦਦ ਕਰੇਗਾ।

ਜੇ ਤੁਸੀਂ ਸੇਵਾ ਲਈ ਯੋਗ ਹੋ, ਤਾਂ ਤੁਹਾਡੇ CFC ਬੈਨੇਫ਼ਿਟ ਪੈਕੇਜ ਵਿਚ ਮਿਆਰੀ PERS ਯੂਨਿਟ ਸ਼ਾਮਿਲ ਹੁੰਦੀ ਹੈ। ਤੁਹਾਡੇ ਸਲਾਨਾ ਹਿੱਸੇ ਵਿਚ ਵਾਧੂ ਸੇਵਾਵਾਂ ਦੀ ਲਾਗਤ ਲਾਈ ਜਾਏਗੀ।

ਭਾਈਚਾਰਕ ਤਬਦੀਲੀ ਸੇਵਾਵਾਂ

ਭਾਈਚਾਰਕ ਤਬਦੀਲੀ ਸੇਵਾਵਾਂ, ਰਿਹਾਇਸ਼ੀ ਮੁੜ-ਵਸੇਬਾ ਸੈਂਟਰ ਜਾਂ ਸੰਸਥਾਗਤ ਸੈਟਿੰਗ ਵਿਚੋਂ ਭਾਈਚਾਰੇ ਵਿਚ ਜਾਣ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ। ਤੁਸੀਂ ਮਦਦ ਨਾਲ ਆਪਣੇ ਖ਼ੁਦ ਦੇ ਘਰ, ਬਾਲਗ਼ ਫ਼ੈਮਿਲੀ ਹੋਮ ਜਾਂ ਸਹਾਇਤਾ ਵਾਲੀ ਰਹਿਣ-ਸਹਿਣ ਸਬੰਧੀ ਸਹੂਲਤ ਵਿਚ ਜਾਣ ਦੀ ਚੋਣ ਕਰ ਸਕਦੇ ਹੋ।

ਸੇਵਾਵਾਂ ਬਾਰੇ ਬੇਨਤੀ ਕਰਨ ਲਈ ਆਪਣੇ DDA ਕੇਸ ਮੈਨੇਜਰ ਨਾਲ ਸੰਪਰਕ ਕਰੋ ਜਾਂ ਜੇ ਤੁਸੀਂ ਇਸ ਵੇਲੇ ਭੁਗਤਾਨ ਵਾਲੀ ਸੇਵਾ ਨਹੀਂ ਲੈ ਰਹੇ, ਤਾਂ ਤੁਸੀਂ DDA ਸਰਵਿਸ ਬੇਨਤੀ ਅਤੇ ਜਾਣਕਾਰੀ ਲਾਈਨ ਜਾਂ ਆਪਣੇ ਸਥਾਨਕ ਦਫ਼ਤਰ ਨੂੰ ਕਾੱਲ ਕਰ ਸਕਦੇ ਹੋ। ਕਿਰਪਾ ਕਰਕੇ ਉਹਨਾਂ ਨੰਬਰਾਂ ਲਈ www.dshs.wa.gov 'ਤੇ ਸਾਨੂੰ ਆੱਨਲਾਈਨ ਪਹੁੰਚ ਕਰੋ।

Washington State Department of Social & Health Services

Transforming lives

DSHS-22-1616 PJ (Rev. 3/16) Punjabi